**ਜਾਣ ਤੋਂ ਪਹਿਲਾਂ ਜਾਬਤਾ ਜਾਣੋਂ...**

ਸਕੌਟਲੈਂਡ ਦੀਆਂ ਖੁੱਲ੍ਹੀਆਂ ਥਾਵਾਂ ਦਾ ਅਨੰਦ ਮਾਣੋ! ਹਰ ਇੱਕ ਨੂੰ ਜ਼ਿਆਦਾਤਰ ਜ਼ਮੀਨ ਅਤੇ ਦੇਸ਼ ਦੇ ਅੰਦਰ ਪਾਣੀ ਉੱਪਰ ਮਨੋਰੰਜਨ, ਵਿੱਦਿਆ ਅਤੇ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ, ਜਾਣ ਦਾ ਹੱਕ ਹੈ, ਸ਼ਰਤ ਇਹ ਹੈ ਕਿ ਉਹ ਜ਼ਿੰਮੇਦਾਰ ਰਵੀਆ ਅਪਨਾਉਣ। ਇਹ ਦਾਖਲੇ ਦੇ ਹੱਕ ਸਕੌਟਲੈਂਡ ਦੀ ਬਾਹਰੀ ਖੁੱਲ੍ਹੀਆਂ ਥਾਵਾਂ ਵਿੱਚ ਦਾਖਲੇ ਦਾ ਜਾਬਤਾ (Scottish Outdoor Access Code) ਵਿੱਚ ਸਮਝਾਏ ਗਏ ਹਨ। ਇਹ ਮੁੱਖ ਨੁੱਕਤੇ ਹਨ:

ਤੁਹਾਨੂੰ **ਬਾਹਰ ਖੁੱਲ੍ਹੀਆਂ ਥਾਵਾਂ** ਤੇ ਹੋਣ ਸਮੇਂ:

- ਆਪਣੀਆਂ ਸਰਗਰਮੀਆਂ ਲਈ ਖੁੱਦ ਜ਼ਿੰਮੇਵਾਰ ਹੋਵੋ ਅਤੇ ਸੁਰੱਖਿਅਤ ਕਾਰਵਾਈ ਕਰੋ;
- ਦੂਜੇ ਲੋਕਾਂ ਦੀ ਇਕਾਂਤ ਅਤੇ ਮਨ ਦੀ ਸ਼ਾਂਤੀ ਦਾ ਸਤਕਾਰ ਕਰੋ;
- ਜ਼ਮੀਨ ਦੇ ਪ੍ਰਬੰਧਕਾਂ ਅਤੇ ਦੂਜਿਆਂ ਨੂੰ ਸੁਰੱਖਿਅਤ ਅਤੇ ਅਸਰਦਾਰ ਕੰਮਕਾਰ ਕਰਨ ਲਈ ਮਦਦ ਕਰੋ;
- ਆਪਣੇ ਵਾਤਾਵਰਣ ਦੀ ਸੰਭਾਲ ਕਰੋ ਅਤੇ ਆਪਣਾ ਕੂੜਾ ਘਰ ਲਿਜਾਓ;
- ਆਪਣੇ ਕੁੱਤੇ ਨੂੰ ਚੰਗੀ ਤਰ੍ਹਾਂ ਕਾਬੂ ਹੇਠਾਂ ਰੱਖੋ;
- ਜੇ ਤੁਸੀਂ ਕਿਸੇ ਸਮਾਗਮ ਦਾ ਪ੍ਰਬੰਧ ਕਰ ਰਹੇ ਹੋ ਜਾਂ ਕੋਈ ਕਾਰੋਬਾਰ ਚਲਾਉਂਦੇ ਹੋ ਤਾਂ ਜ਼ਿਆਦਾ ਧਿਆਨ ਰੱਖੋ।

ਜੇ ਤੁਸੀਂ **ਬਾਹਰ ਖੁੱਲ੍ਹੀਆਂ ਥਾਵਾਂ ਦਾ ਪ੍ਰਬੰਧ** ਕਰਦੇ ਹੋ:

- ਦਾਖਲ ਹੋਣ ਦੇ ਹੱਕਾਂ ਦਾ ਸਤਕਾਰ ਕਰੋ;
- ਜ਼ਮੀਨ ਪ੍ਰਬੰਧਕੀ ਕਾਰਜਕਾਰੀਆਂ ਤੋਂ ਪਰ੍ਹੇ ਰਹਿਣ ਲਈ ਲੋਕਾਂ ਨੂੰ ਬੇਨਤੀ ਕਰਨ ਵੇਲੇ ਉਚਿੱਤ ਵਿਹਾਰ ਕਰੋ;
- ਦਾਖਲਾ ਅਤੇ ਜ਼ਮੀਨ ਪ੍ਰਬੰਧ ਨੂੰ ਮਿਲਾਉਣ ਵਿੱਚ ਮਦਦ ਕਰਨ ਲਈ ਆਪਣੀ ਸਥਾਨਿਕ ਅਥੌਰੀਟੀ ਨਾਲ ਮਿਲ ਕੇ ਕੰਮ ਕਰੋ;
- ਰਸਤੇ ਦੇ ਹੱਕਾਂ ਅਤੇ ਰਿਵਾਇਤੀ ਦਾਖਲੇ ਦਾ ਸਤਕਾਰ ਕਰੋ।

ਹੋਰ ਜਾਣਕਾਰੀ www.outdooraccess-scotland.com ਇਸ ਵੈਬਸਾਈਟ ਤੇ ਆਣਕੇ ਜਾਂ ਆਪਣੇ ਸਥਾਨਿਕ ਸਕੌਟਿਸ਼ ਨਾਚਰੱਲ ਹੈਰੀਟਿੱਜ ਦਫ਼ਤਰ ਨੂੰ ਫ਼ੋਨ ਕਰਕੇ ਪ੍ਰਾਪਤ ਕਰੋ।